# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਐਸ.ਸੀ.ਓ 104-106 , ਦੂਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ

ਫੋਨ ਨੰ: 0172-5015864-865,ਫੈਕਸ ਨੰ: 0172-2624687 ਈ.ਮੇਲ dgsepunjab18@gmail.com


ਨੰ: ਡੀ.ਜੀ.ਐਸ.ਈ./ਇਨਫੋਰਸਮੈਂਟ/2012/ R000339 ਮਿਤੀ 11/01/2013

## ਹੁਕਮ

1. ਜਦੋਂਕਿ ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਫਾਜ਼ਿਲਕਾ ਤੋਂ ਪ੍ਰਾਪਤ ਰਿਪੋਟ ਤੋਂ ਇਸ ਵਿਭਾਗ ਦੇ ਨੋਟਿਸ ਵਿੱਚ ਆਇਆ ਹੈ ਕਿ ਸ੍ਰੀ ਜਰਨੈਲ ਸਿੰਘ ਡਰਾਇੰਗ ਮਾਸਟਰ ਸ.ਐ.ਸ ਭੰਗਾਲ (ਕੰਪਲੈਕਸ ਸ.ਹ.ਸ.ਚੰਨਣਖੇੜਾ) ਜ਼ਿਲਾ ਫਾਜ਼ਿਲਕਾ ਨੂੰ ਮੁਕੱਦਮਾ ਐਫ.ਆਈ.ਆਰ.ਨੰ: 226 ਮਿਤੀ 09.10.2006 ਥਾਣਾ ਸਦਰ ਅਬੋਹਰ ਵਿੱਚ ਮਾਨਯੋਗ ਐਡੀਸ਼ਨਲ ਸੈਸ਼ਨ ਜੱਜ ਫਿਰੋਜ਼ਪੁਰ ਸ੍ਰੀ ਜੇ.ਐਸ.ਭਿੰਡਰ ਦੀ ਅਦਾਲਤ ਵੱਲੋਂ ਮਿਤੀ 20 ਜਨਵਰੀ 2011 ਨੂੰ 3 ਸਾਲ ਦੀ ਕੈਦ ਅਤੇ 5000/- ਰੁ: ਜੁਰਮਾਨਾ ਕੀਤਾ ਗਿਆ ਹੈ।

2. ਉਪਰੋਕਤ ਵਿਸ਼ੇ ਤੇ ਪੰਜਾਬ ਸਰਕਾਰ (ਪ੍ਰਸੋਨਲ ਵਿਭਾਗ) ਵੱਲੋਂ ਆਪਣੇ ਪੱਤਰ ਨੰ: 3/23/98-1ਪੀਪੀII/10394 ਮਿਤੀ 5.8.1998 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਇਨ੍ਹਾਂ ਹਦਾਇਤਾਂ ਰਾਹੀਂ ਸਪਸ਼ਟ ਕੀਤਾ ਗਿਆ ਹੈ ਕਿ ਮਾਨਯੋਗ ਸੁਪਰੀਮ ਕੋਰਟ ਵੱਲੋਂ ਸਿਵਲ ਅਪੀਲ ਨੰ: 2992/1995 ਡਿਪਟੀ ਡਾਇਰੈਕਟਰ ਕਾਲਜੀਏਟ ਐਜੂਕੇਸ਼ਨ ਐਡਮਿਨਿਸਟ੍ਰੇਸ਼ਨ ਮਦਰਾਸ ਬਨਾਮ ਐਸ ਨਗੂਰ ਮੀਰਾ ਦੇ ਕੇਸ ਵਿੱਚ ਮਿਤੀ 5 ਅਗਸਤ 1998 ਨੂੰ ਪਾਸ ਕੀਤੇ ਗਏ ਹੁਕਮਾਂ ਦੀ ਰੋਸ਼ਨੀ ਵਿੱਚ ਜਦੋਂ ਕਿਸੇ ਸਰਕਾਰੀ ਕਰਮਚਾਰੀ ਨੂੰ ਮਾਨਯੋਗ ਕੋਰਟ ਵੱਲੋਂ ਸਜ਼ਾ ਸੁਣਾ ਦਿੱਤੀ ਜਾਂਦੀ ਹੈ ਤਾਂ ਉਸ ਕਰਮਚਾਰੀ ਨੂੰ ਨੌਕਰੀ ਵਿੱਚ ਰੱਖਣਾ ਲੋਕ ਹਿਤ ਵਿੱਚ ਨਹੀਂ ਹੈ ਅਤੇ ਉਸਨੂੰ ਡਿਸਮਿਸ ਕਰਨਾ ਬਣਦਾ ਹੈ। ਉਪਰੋਕਤ ਦੱਸੀਆਂ ਹਦਾਇਤਾਂ ਦੀ ਰੋਸ਼ਨੀ ਵਿੱਚ ਅਨੁਸਾਰ ਕਾਰਵਾਈ ਕਰਦੇ ਹੋਏ ਸ੍ਰੀ ਜਰਨੈਲ ਸਿੰਘ ਡਰਾਇੰਗ ਮਾਸਟਰ ਸ.ਐ.ਸ ਭੰਗਾਲ (ਕੰਪਲੈਕਸ ਸ.ਹ.ਸ.ਚੰਨਣਖੇੜਾ) ਜ਼ਿਲਾ ਫਾਜ਼ਿਲਕਾ ਦੇ ਕੇਸ ਨੂੰ ਵਿਚਾਰਿਆ ਗਿਆ ਹੈ ਅਤੇ ਵਿਚਾਰਨ ਉਪਰੰਤ ਸ੍ਰੀ ਜਰਨੈਲ ਸਿੰਘ ਡਰਾਇੰਗ ਮਾਸਟਰ ਸ.ਐ.ਸ ਭੰਗਾਲ (ਕੰਪਲੈਕਸ ਸ.ਹ.ਸ.ਚੰਨਣਖੇੜਾ) ਜ਼ਿਲਾ ਫਾਜ਼ਿਲਕਾ ਨੂੰ ਪੰਜਾਬ ਸਿਵਲ ਸੇਵਾਵਾਂ ਸਜ਼ਾ ਅਤੇ ਅਪੀਲ ਨਿਯਮਾਂ ਦੇ ਨਿਯਮ 8.13 (i) ਅਧੀਨ ਨੌਕਰੀ ਤੋਂ ਡਿਸਮਿਸ ਕੀਤਾ ਜਾਂਦਾ ਹੈ ਕਿਉਂਕਿ ਉਸ ਨੂੰ ਮਾਨਯੋਗ ਕੋਰਟ ਵੱਲੋਂ ਪਹਿਲਾਂ ਹੀ 3 ਸਾਲ ਦੀ ਕੈਦ ਅਤੇ 5000 ਰੁ: ਜੁਰਮਾਨਾ ਕਰਨ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ।

ਮਿਤੀ ਚੰਡੀਗੜ੍ਹ

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ

ਪਿਠ ਅੰਕਣ ਨੰ: ਡੀ.ਜੀ.ਐਸ.ਈ./ਇਨਫੋਰਸਮੈਂਟ/2012/ ਮਿਤੀ

ਉਤਾਰਾ ਨਿਮਨਲਿਖਤ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਲਈ ਭੇਜਿਆ ਜਾਦਾ ਹੈ:-

1. ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ) ਪੰਜਾਬ।
2. ਜ਼ਿਲਾ ਸਿੱਖਿਆ ਅਫਸਰ (ਸੈ:ਸਿ) ਫਾਜ਼ਿਲਕਾ ।
3. ਸ੍ਰੀ ਜਰਨੈਲ ਸਿੰਘ ਡਰਾਇੰਗ ਮਾਸਟਰ ਸ.ਐ.ਸ ਭੰਗਾਲ (ਕੰਪਲੈਕਸ ਸ.ਹ.ਸ.ਚੰਨਣਖੇੜਾ) ਜ਼ਿਲਾ ਫਾਜ਼ਿਲਕਾ

ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ